2021/6875
19/01/2026
ਬੀ-1


# ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਬੀ, ਛੇਵੀਂ ਮੰਜਿਲ, ਫੇਜ਼-8, ਐੱਸ.ਏ.ਐੱਸ ਨਗਰ

ਈਮੇਲ: directorscert@punjabeducation.gov.in, ਫੋਨ ਨੰ: 0172-2212221


ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.)

ਪੰਜਾਬ।

ਮੀਮੋ ਨੰਬਰ:-829807/SCERT/ਸਹਾਇਕ ਡਾਇਰੈਕਟਰ (ਸ.ਡ.ਪ.)/ 2026/11

ਮਿਤੀ :- ਐੱਸ. ਏ. ਐੱਸ.ਨਗਰ,19.01.2026

**ਵਿਸ਼ਾ - ਰਾਸ਼ਟਰੀ ਅਵਿਸਕਾਰ ਸਪਤਾਹ 2025-26 (Rashtriya Avishkar Saptah ) ਅਧੀਨ Water Conservation ਦੀਆਂ ਗਤੀਵਿਧੀਆਂ ਕਰਵਾਉਣ ਸੰਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 ਐੱਨ.ਸੀ.ਈ.ਆਰ.ਟੀ. ਨਵੀਂ ਦਿੱਲੀ ਵੱਲੋਂ ਹਰ ਸਾਲ ਰਾਸ਼ਟਰੀ ਅਵਿਸ਼ਕਾਰ ਸਪਤਾਹ (RAS) ਮਨਾਇਆ ਜਾਂਦਾ ਹੈ। ਸਾਲ 2025-26 ਦੇ ਦੂਸਰੇ ਫੇਜ਼ ਦਾ ਥੀਮ Water Conservation ਹੈ, NCERT ਦੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ Water Conservation ਸੰਬੰਧੀ ਗਤੀਵਿਧੀਆਂ 10 ਫਰਵਰੀ ਤੱਕ ਮੁਕੰਮਲ ਕਰ ਲਈਆਂ ਜਾਣ। ਇਹ ਗਤੀਵਿਧੀਆਂ ਪੂਰਾ ਇੱਕ ਹਫਤਾ ਸਕੂਲਾਂ ਵਿੱਚ ਕਰਵਾਈਆਂ ਜਾਣ। ਇਹਨਾਂ ਗਤੀਵਿਧੀਆਂ ਦਾ ਉਦੇਸ਼ ਵਿਦਿਆਰਥੀਆਂ ਵਿੱਚ water conservation ਵਿਸ਼ੇ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਤੇ ਉਹਨਾਂ ਵਿੱਚ ਪਾਣੀ ਦੀ ਸੁਚੱਜੀ ਵਰਤੋਂ ਦੀ ਆਦਤ ਨੂੰ ਵਿਕਸਿਤ ਕਰਨਾ ਹੈ।

3.0 ਰਾਜ ਦੇ ਸਾਰੇ ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਸਾਇੰਸ ਵਿਸ਼ੇ ਨਾਲ ਸੰਬੰਧਿਤ ਅਧਿਆਪਕਾਂ ਅਤੇ ਲੈਕਚਰਾਰਾਂ ਦੁਆਰਾ ਛੇਵੀਂ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਵੱਲੋਂ ਰਾਸ਼ਟਰੀ ਅਵਿਸ਼ਕਾਰ ਸਪਤਾਹ ਦੇ ਉਪਰੋਕਤ ਥੀਮ ਅਧੀਨ ਗਤੀਵਿਧੀਆਂ ਕਰਵਾਈਆਂ ਜਾਣੀਆਂ ਹਨ।

4.0 ਵਿਦਿਆਰਥੀਆਂ ਵਿੱਚ ਇਸ ਸਮਾਗਮ ਬਾਰੇ ਜਾਗਰੂਕਤਾ ਪੈਦਾ ਕਰਨ ਲਈ, ਸਕੂਲ ਦੇ ਅੰਦਰ ਇੱਕ ਪੋਸਟਰ ਲਗਾਇਆ ਜਾਵੇ। ਪੋਸਟਰ ਵਿੱਚ ਹੇਠ ਲਿਖੇ ਵੇਰਵੇ ਹੋਣ: ਸਕੂਲ ਦਾ ਨਾਮ, ਬਲਾਕ ਅਤੇ ਪਤਾ। ਸਕੂਲ ਆਪਣੀ ਸਥਾਨਕ ਭਾਸ਼ਾ ਵਿੱਚ "ਰੁੱਖ ਲਗਾਉਣਾ ਅਤੇ ਪਾਣੀ ਸੰਭਾਲ" ਸਿਰਲੇਖ ਦੇ ਨਾਲ ਇੱਕ ਆਕਰਸ਼ਕ ਵਾਕੰਸ਼ ਸੋਚ ਸਕਦੇ ਹਨ।

5.0 Water Conservation ਨਾਲ ਸੰਬੰਧਿਤ ਗਤੀਵਿਧੀਆਂ ਵਿੱਚ ਸਭ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਸਵੇਰ ਦੀ ਸਭਾ ਵਿੱਚ ਪਾਣੀ ਦੀ ਸੰਭਾਲ ਪ੍ਰਤੀ ਸਹੁੰ ਚੁਕਾਈ ਜਾਵੇ।

Scanned with CamScanner

6.0 Water Conservation ਨਾਲ ਸੰਬੰਧਿਤ ਗਤੀਵਿਧੀਆਂ ਲਈ ਨਾਲ ਨੱਥੀ ਹਦਾਇਤਾਂ ਅਨੁਸਾਰ ਬਲਾਕ ਦੇ ਘੱਟੋ-ਘੱਟ 3-5 ਸਕੂਲਾਂ ਵਿੱਚ ਲਾਜ਼ਮੀ ਕਰਵਾਇਆ ਜਾਵੇ ਅਤੇ ਵੱਧ ਤੋਂ ਵੱਧ ਵਿਦਿਆਰਥੀਆਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇ।

7.0 ਐੱਨ.ਸੀ.ਈ.ਆਰ.ਟੀ. ਦੀਆਂ ਗਾਈਡਲਾਈਨਜ਼ ਅਨੁਸਾਰ ਦਿੱਤੀਆਂ ਗਈਆਂ ਕਿਰਿਆਵਾਂ ਕਰਵਾਉਣ ਉਪਰੰਤ ਵਿਦਿਆਰਥੀਆਂ ਅਤੇ ਸਕੂਲਾਂ ਵੱਲੋਂ ਦਿੱਤੇ ਹੋਏ ਗੂਗਲ ਫਾਰਮ ਭਰਨਾ ਯਕੀਨੀ ਬਣਾਇਆ ਜਾਵੇ। ਗੂਗਲ ਫਾਰਮ ਲਿੰਕ ਤੇ ਗਾਈਡਲਾਈਨਜ਼ (ਨਾਲ ਨੱਥੀ) ਹਨ। ਪ੍ਰਤੀਭਾਗੀ ਸਕੂਲਾਂ ਦੀ ਸੂਚਨਾ ਹੇਠ ਅਨੁਸਾਰ ਮੁੱਖ ਦਫ਼ਤਰ ਨੂੰ scertsdp@punjabeducation,gov.in ਤੇ ਭੇਜੀ ਜਾਵੇ।

| ਲੜੀ ਨੰਬਰ | ਜ਼ਿਲ੍ਹਾ | ਬਲਾਕ | ਸਕੂਲ ਦਾ ਨਾਮ | ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ |
|---|---|---|---|---|

Guidelines_Tree_Plantation_Water.pdf

Guidelines: https://www.ncert.nic.in/desm/pdf/RAS_2025-26

Google Form: https://forms.gle/GGPSia82piTtmC5o9

(For Students)

Link of Eco Club Portal of MoE: https://ecoclubs.aicte-india.org

(For Schools)

8.0 ਇਸ ਪ੍ਰੋਗਰਾਮ ਲਈ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ.) ਆਪਣੇ ਜ਼ਿਲ੍ਹੇ ਦੇ ਨੋਡਲ ਅਫ਼ਸਰ ਹੋਣਗੇ।

ਕਿਰਨ ਸ਼ਰਮਾ (ਪੀ.ਸੀ.ਐੱਸ.)
ਡਾਇਰੈਕਟਰ ਐੱਸ.ਸੀ.ਈ.ਆਰ.ਟੀ.,ਪੰਜਾਬ।

ਪਿੱਠ ਅੰਕਣ : ਉਕਤ ਮਿਤੀ :-ਐੱਸ. ਏ. ਐੱਸ.ਨਗਰ,19.01.2026

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ :-

1. ਪੀ.ਏ. ਟੂ ਡਾਇਰੈਕਟਰ ਜਨਰਲ ਸਕੂਲ ਸਿੱਖਿਆ ,ਪੰਜਾਬ।
2. ਪੀ.ਏ. ਟੂ ਡਾਇਰੈਕਟਰ ਐੱਸ.ਸੀ.ਈ.ਆਰ.ਟੀ.,ਪੰਜਾਬ।
3. ਪੀ.ਏ. ਟੂ ਡਾਇਰੈਕਟਰ ਆਫ਼ ਸਕੂਲ ਐਜੂਕੇਸ਼ਨ (ਸੈ.ਸਿੱ.),ਪੰਜਾਬ।

ਡਾ. ਬੂਟਾ ਸਿੰਘ ਸੇਖੋਂ
ਸਹਾਇਕ ਡਾਇਰੈਕਟਰ (ਸ.ਡ.ਪ.)
ਐੱਸ.ਸੀ.ਈ.ਆਰ.ਟੀ.,ਪੰਜਾਬ।

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.) ਪਟਿਆਲਾ
ਪਿੱਠ ਅੰਕਣ ਨੰ: ਸੀ-1/1(2026)/2209 ਮਿਤੀ: 19/01/26
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ, ਸੂਚਨਾ ਹਿੱਤ ਭੇਜਿਆ ਜਾਂਦਾ ਹੈ ਕਿ ਉਕਤ ਅਨੁਸਾਰ ਦਿੱਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪਟਿਆਲਾ

Scanned with CamScanner